BRITISH COLUMBIA
The Best Place on Earth

# ਖ਼ਬਰਨਾਮਾ

ਅਗਸਤ 2010 ਮਨਿਸਟਰੀ ਆਫ਼ ਐਜੁਕੇਸ਼ਨ (Ministry of Education)

## ਸਕੂਲ-ਵਾਪਸੀ ਮੌਕੇ ਵਾਤਾਵਰਣ ਸੰਬੰਧੀ ਸੁਝਾਅ

**ਸਕੂਲ ਵਿਖੇ:**

- ਬੱਚਿਆਂ ਨੂੰ ਉਤਸ਼ਾਹਿਤ ਕਰੋ ਕਿ ਪਾਣੀ ਦੀਆਂ ਬੋਤਲਾਂ ਬਜ਼ਾਰੋਂ ਖਰੀਦਣ ਦੀ ਜਗ੍ਹਾ ਆਪਣੀਆਂ ਬੋਤਲਾਂ ਰੱਖਣ ਜੋ ਵਾਰ-ਵਾਰ ਭਰ ਕੇ ਪੀਤੀਆਂ ਜਾ ਸਕਣ।
- ਸਕੂਲ ਵਿਖੇ ਮੌਜੂਦਾ "ਰੀਸਾਈਕਲਿੰਗ ਕਲੱਬ" ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲਈ, ਜਾਂ ਖੁਦ ਆਪਣਾ ਨਵਾਂ ਕਲੱਬ ਬਣਾਉਣ ਲਈ ਬੱਚਿਆਂ ਨੂੰ ਮਦਦ ਦਿਓ।
- ਸਕੂਲ ਦਾ ਸਾਮਾਨ ਖਰੀਦਣ ਵੇਲੇ ਅਜਿਹੀਆਂ ਵਸਤਾਂ ਖਰੀਦੋ ਜੋ ਮੁੜ-ਵਰਤੀਆਂ ਜਾ ਸਕਣ ਜਾਂ ਜਿਨ੍ਹਾਂ ਦੀ ਪੈਕਿੰਗ ਦਾ ਸਾਮਾਨ ਮੁੜ-ਵਰਤੋਂ ਵਾਲਾ ਹੋਵੇ, ਅਤੇ ਪਿਛਲੇ ਸਾਲ ਦਾ ਬਚਿਆ ਸਕੂਲ ਦਾ ਸਾਮਾਨ ਮੁੜ ਵਰਤ ਲਓ।
- ਮੁੜ ਵਰਤੇ ਜਾ ਸਕਣ ਵਾਲੇ ਡੱਬਿਆਂ ਅਤੇ ਲਫਾਫਿਆਂ ਵਿੱਚ ਖਾਣਾ ਦੇ ਕੇ, ਅਤੇ ਪਹਿਲਾਂ ਹੀ ਪੈਕ ਹੋਏ ਅਤੇ "ਪ੍ਰਾਸੈੱਸ" ਕੀਤੇ ਭੋਜਨ ਪਦਾਰਥਾਂ ਤੋਂ ਪਹਰੇਜ਼ ਕਰ ਕੇ, ਆਪਣੇ ਬੱਚਿਆਂ ਨੂੰ ਦੁਪਹਿਰ ਦਾ ਭੋਜਨ ਕੂੜਾ-ਰਹਿਤ ਦੇਣ ਦਾ ਨਿਸ਼ਾਨਾ ਰੱਖੋ।

**ਘਰ ਵਿਖੇ :**

- ਸਾਫ-ਸੁਥਰੇ "ਵੈਕਸਡ ਪੇਪਰ", ਪਲਾਸਟਿਕ ਦੇ ਲਫਾਫੇ ਅਤੇ "ਟਿਨਫੌਇਲ" ਨੂੰ ਅਨੇਕਾਂ ਵਾਰੀ ਵਰਤਿਆ ਜਾ ਸਕਦਾ ਹੈ; ਅਤੇ ਸਕੂਲ ਲਈ ਦੁਪਹਿਰ ਦੇ ਖਾਣੇ ਬੰਨ੍ਹਣ ਲੱਗਿਆਂ ਪਹਿਲਾਂ ਤੋਂ ਹੀ ਤਿਆਰ ਪੀਣ ਵਾਲੇ ਪਦਾਰਥ ਪਾਉਣ ਦੀ ਬਜਾਏ ਠੰਢੇ ਦੁੱਧ ਜਾਂ ਜੂਸ ਨਾਲ ਭਰੀ ਇੱਕ ਛੋਟੀ ਥਰਮੋਸ ਬੋਤਲ ਪਾਉਣ ਨਾਲ ਪੈਕਿੰਗ ਪਦਾਰਥਾਂ ਦੀ ਬੇਲੋੜੀ ਮਿਕਦਾਰ ਵਿੱਚ ਕਟੌਤੀ ਹੋ ਸਕੇਗੀ।
- ਚੰਗੇ ਮਿਆਰ ਵਾਲੀਆਂ ਹੰਢਣਸਾਰ ਵਸਤਾਂ ਖਰੀਦੋ ਜੋ ਛੋਟੇ ਬੱਚਿਆਂ ਦੇ ਸਪੁਰਦ ਵੀ ਕੀਤੀਆਂ ਜਾ ਸਕਣ।
- ਕੱਪੜੇ ਧੋਣ ਲਈ ਠੰਢੇ ਪਾਣੀ ਦੀ ਵਰਤੋਂ ਕਰੋ।
- ਸ਼ਾਵਰ ਵਿੱਚ ਪਾਣੀ ਦੇ ਵਹਾਅ ਦੀ ਮਿਆਦ ਸੀਮਤ ਕਰਨ ਵਾਲਾ ਫੁਹਾਰਾ ਲਾ ਕੇ ਬੱਚਿਆਂ ਨੂੰ ਥੋੜੇ ਸਮੇਂ ਵਿੱਚ ਨਹਾਉਣ ਲਈ ਪ੍ਰੇਰੋ।
- ਜਦੋਂ ਬੱਚੇ ਦੰਦਾਂ ਨੂੰ ਬੁਰਸ਼ ਕਰਨ ਤਾਂ ਪਾਣੀ ਬਰਬਾਦ ਕਰਨ ਦੀ ਜਗ੍ਹਾ ਟੂਟੀ ਬੰਦ ਕਰ ਦਿਓ।
- ਜਦੋਂ ਵਰਤੋਂ ਵਿੱਚ ਨਾ ਹੋਣ ਤਾਂ ਬੱਤੀਆਂ, ਇਲੈਕਟ੍ਰਾਨਿਕ ਸਾਜ਼ੋ-ਸਾਮਾਨ ਅਤੇ ਕੰਪਿਊਟਰ ਬੰਦ ਕਰ ਦਿਓ।

**ਸੜ੍ਹਕ ਉੱਤੇ:**

- ਪਲੀਤਕਾਰੀ ਧੂੰਆਂ ਘਟਾਉਣ ਲਈ ਬੱਚੇ ਨੂੰ ਗੱਡੀ ਵਿੱਚ ਛੱਡ ਕੇ ਆਉਣ ਦੀ ਜਗ੍ਹਾ ਤੁਰ ਕੇ, ਜਾਂ ਸਾਈਕਲ 'ਤੇ ਛੱਡ ਕੇ ਆਓ।
- ਆਪਣੇ ਬੱਚੇ ਨੂੰ ਹਿਫਾਜ਼ਤ ਨਾਲ ਸਕੂਲ ਪਹੁੰਚਾਉਣ ਲਈ ਆਪਣੇ ਗਵਾਂਢ ਵਿਚਲੀ "ਵਾਕਿੰਗ ਸਕੂਲ ਬੱਸ" (Walking School Bus) ਜਾਂ "ਬਾਈਸਿਕਲ ਟਰੇਨ" (Bicycle Train) ਵਿੱਚ ਹਿੱਸਾ ਲਓ ਜਾਂ ਖੁਦ ਕੋਸ਼ਿਸ਼ ਕਰ ਕੇ ਨਵਾਂ ਗਰੁੱਪ ਬਣਾਓ।
- ਆਪਣੇ ਬੱਚਿਆਂ ਨੂੰ ਹੱਲਾਸ਼ੇਰੀ ਦਿਓ ਕਿ ਜਿੰਨੀ ਵਾਰੀ ਵੀ ਹੋ ਸਕੇ, ਟਰਾਂਜ਼ਿਟ ਬੱਸਾਂ ਵਿੱਚ ਸਕੂਲ ਜਾਣ ਜਾਂ ਆਪਣੇ ਮੁਹੱਲੇ ਵਾਲਿਆਂ ਦਾ ਇੱਕ "ਕਾਰਪੂਲ" ਬਣਾ ਲਓ।
- ਕਾਰ ਖਰੀਦਣ ਦੀ ਜਗ੍ਹਾ ਸਕੂਲ ਤਕ ਦੇ ਸਫਰਾਂ ਵਾਸਤੇ ਸਾਂਝੇ ਤੌਰ 'ਤੇ ਕਾਰ ਵਰਤਣ ਲਈ ਸਹਿਕਾਰਤਾ ਵਿੱਚ ਹਿੱਸਾ ਲਓ।
- ਜੇ ਬੱਚੇ ਨੂੰ ਆਪਣੀ ਗੱਡੀ ਵਿੱਚ ਸਕੂਲ ਛੱਡ ਕੇ ਆਉਣਾ ਹੀ ਪਵੇ ਤਾਂ ਲੱਗਦੇ ਹੱਥ ਨੇੜੇ-ਤੇੜੇ ਦੇ ਹੋਰ ਕੰਮ ਵੀ ਨਿਪਟਾ ਲਓ।
- ਟਾਇਰਾਂ ਵਿੱਚ ਹਵਾ ਦਾ ਸਹੀ ਦਬਾਅ ਰੱਖੋ, ਟਾਇਰਾਂ ਨੂੰ ਹਫਤਾਵਾਰੀ ਜਾਂਚੋ, ਅਤੇ ਆਪਣੀ ਕਾਰ ਦਾ ਬਾਕਾਇਦਗੀ ਨਾਲ ਰੱਖ-ਰਖਾਅ ਕਰਦੇ ਰਹੋ।

-30-


ਮੀਡੀਆ ਸੰਪਰਕ: ਪਬਲਿਕ ਅਫੇਅਰਜ਼ ਬਿਊਰੋ (Public Affairs Bureau)
ਮਨਿਸਟਰੀ ਆਫ਼ ਐਜੁਕੇਸ਼ਨ (Ministry of Education)
250 356-5963


ਸਰਕਾਰੀ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ, ਜਾਂ RSS ਰਾਹੀਂ ਸੂਬੇ ਦੀਆਂ ਖ਼ਬਰਾਂ ਹਾਸਲ ਕਰਨ ਲਈ www.gov.bc.ca (ਲਿੰਕ ਅੰਗਰੇਜ਼ੀ ਵਿੱਚ ਖੁੱਲ੍ਹੇਗਾ) ਵਿਖੇ ਸੂਬੇ ਦੀ ਵੈੱਬਸਾਈਟ ਵੇਖੋ।